4

# ਯਿਸੂ ਨੂੰ ਬਪਤਿਸਮਾ ਦਿੱਤਾ ਗਿਆ

*''ਉਨ੍ਹੀਂ ਦਿਨੀਂ ਐਉਂ ਹੋਇਆ ਜੋ ਯਿਸੂ ਨੇ ਗਲੀਲ ਦੇ ਨਾਸਰਤ ਤੋਂ ਆਣ ਕੇ ਯਰਦਨ ਵਿਚ ਯੂਹੰਨਾ ਦੇ ਹੱਥੋਂ ਬਪਤਿਸਮਾ ਲਿਆ। ਅਰ ਪਾਣੀ ਵਿੱਚੋਂ ਨਿੱਕਲਦੇ ਸਾਰ ਉਹ ਨੇ ਅਕਾਸ਼ ਨੂੰ ਖੁੱਲ੍ਹਦਿਆਂ ਅਤੇ ਆਤਮਾ ਨੂੰ ਆਪਣੇ ਉੱਤੇ ਕਬੂਤਰ ਦੀ ਨਿਆਈਂ ਉੱਤਰਦਿਆਂ ਡਿੱਠਾ। ਅਤੇ ਇਕ ਸਵਰਗੀ ਬਾਣੀ ਆਈ ਕਿ ਤੂੰ ਮੇਰਾ ਪਿਆਰਾ ਪੁੱਤਰ ਹੈਂ, ਤੈਥੋਂ ਮੈਂ ਪਰਸੰਨ ਹਾਂ'' (ਮਰਕੁਸ 1:9-11)।*

ਯਿਸੂ ਨੂੰ ਯੂਹੰਨਾ ਦਾ ਬਪਤਿਸਮਾ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 1:21, 22)। ਇਸ ਬਪਤਿਸਮੇ ਦੀ ਤੁਲਨਾ ਉਸ ਬਪਤਿਸਮੇ ਨਾਲ ਨਹੀਂ ਕਰਨੀ ਚਾਹੀਦੀ ਜਿਹੜਾ ਯਿਸੂ ਨੇ ਆਪਣੇ ਚੇਲਿਆਂ ਨੂੰ ਉੱਪਰ ਉਠਾਏ ਜਾਣ ਦੇ ਬਾਅਦ ਦੇਣ ਲਈ ਕਿਹਾ ਸੀ। ਇਸ ਦੂਜੇ ਬਪਤਿਸਮੇ ਨੂੰ ''ਯਿਸੂ ਦਾ ਬਪਤਿਸਮਾ'' ਜਾਂ ''ਨਵੇਂ ਨੇਮ ਦਾ ਬਪਤਿਸਮਾ'' ਕਿਹਾ ਜਾਵੇਗਾ।

## ਯਿਸੂ ਦੇ ਬਪਤਿਸਮੇ ਬਾਰੇ ਕੁਝ ਲੋਕਾਂ ਦਾ ਕੀ ਕਹਿਣਾ ਹੈ

ਯੂਹੰਨਾ ਦੁਆਰਾ ਯਿਸੂ ਨੂੰ ਦਿੱਤੇ ਬਪਤਿਸਮੇ ਬਾਰੇ ਇਕ ਧਾਰਮਿਕ ਸੰਗਠਨ ਨੇ ਲਿਖਿਆ ਹੈ, ''ਇਸ ਤੋਂ ਧਰਤੀ ਉੱਤੇ ਆਪਣੇ ਪਿਤਾ ਦੁਆਰਾ ਦਿੱਤੇ ਵਿਸ਼ੇਸ਼ ਕੰਮ ਲਈ ਉਸ ਦਾ ਆਪਣੇ ਆਪ ਨੂੰ ਯਹੋਵਾਹ ਦੇ ਸਾਹਮਣੇ ਪੇਸ਼ ਕਰਨ ਦਾ ਸੰਕੇਤ ਮਿਲਦਾ ਹੈ।''[1]

ਇਕ ਹੋਰ ਵਿਚਾਰ ਹੈ ਕਿ ''ਸਾਨੂੰ ਓਸੇ ਕਰਕੇ ਬਪਤਿਸਮਾ ਲੈਣਾ ਚਾਹੀਦਾ ਹੈ ਜਿਸ ਕਰਕੇ ਯਿਸੂ ਨੇ ਲਿਆ ਸੀ,'' ਅਤੇ ''ਯਿਸੂ ਨੇ ਜੋ ਸਹੀ ਸੀ ਉਹ ਕਰਨ ਯਾਨੀ ਪ੍ਰਮੇਸ਼ਵਰ ਦੀ ਇੱਛਾ ਨੂੰ ਪੂਰਾ ਕਰਨ ਲਈ ਬਪਤਿਸਮਾ ਲਿਆ ਸੀ।''[2] ਇਹ ਵਿਚਾਰ ਯਿਸੂ ਦੇ ਬਪਤਿਸਮਾ ਲੈਣ ਦੇ ਉਦੇਸ਼ ਨੂੰ ਪ੍ਰਮੇਸ਼ਵਰ ਦੀ *ਆਗਿਆਕਾਰਿਤਾ* ਦੇ ਰੂਪ ਵਿਚ ਵੇਖਦਾ ਹੈ। ਬਾਅਦ ਵਿਚ ਕਿਹਾ ਜਾਂਦਾ ਹੈ ਕਿ ਯੂਹੰਨਾ ਦੁਆਰਾ ਯਿਸੂ ਦਾ ਬਪਤਿਸਮਾ ਸਾਡੇ ਬਪਤਿਸਮੇ ਵਾਂਗ ਹੀ ਹੈ; ਫਿਰ ਇਸ ਤੋਂ ਨਿਚੋੜ ਕੱਢਿਆ ਜਾਂਦਾ ਹੈ ਕਿ:

> ਜੇ ਇਸ ਦੇ ਬਣੇ ਰਹਿਣ ਦੀ ਇਜਾਜ਼ਤ ਹੋਵੇ ਅਤੇ ਇਹ ਵਿਖਾਇਆ ਜਾ ਸਕਦਾ ਹੋਵੇ ਕਿ ਕਿਸੇ ਨੇ ਓਸੇ ਪ੍ਰੇਰਣਾ ਨਾਲ ਡੁਬਕੀ ਲਈ ਸੀ, ਜਿਸ ਨਾਲ ਮੁਕਤੀਦਾਤੇ ਨੇ ਲਈ

ਸੀ, ਭਾਵੇਂ ਉਹਨੂੰ ਮਾਫ਼ੀ ਦੀ ਗੱਲ ਦੀ ਸਮਝ ਨਾ ਵੀ ਹੋਵੇ, ਤਾਂ ਵੀ ਉਹਦਾ ਬਪਤਿਸਮਾ ਵਚਨ ਅਨੁਸਾਰ ਮੰਨਿਆ ਜਾਣਾ ਚਾਹੀਦਾ ਹੈ।[3]

ਯਿਸੂ ਦੁਆਰਾ ਲਏ ਬਪਤਿਸਮੇ ਨੂੰ ਇਹ ਸਾਬਤ ਕਰਨ ਲਈ ਵਰਤਿਆ ਜਾਂਦਾ ਹੈ ਕਿ ਬਪਤਿਸਮੇ ਦੇ ਉਦੇਸ਼ ਬਾਰੇ ਨਾ ਵੀ ਦੱਸਿਆ ਜਾਵੇ ਤਾਂ ਕੋਈ ਗੱਲ ਨਹੀਂ ਜਾਂ ਅਣਜਾਣਪੁਣੇ ਵਿਚ ਬਪਤਿਸਮੇ ਦੇ ਉਦੇਸ਼ ਨੂੰ ਨਾ ਮੰਨਣ ਦੇ ਬਾਵਜੂਦ ਜੇ ਪ੍ਰਮੇਸ਼ਵਰ ਦਾ ਹੁਕਮ ਮੰਨਣ ਲਈ ਬਪਤਿਸਮਾ ਲਿਆ ਜਾ ਰਿਹਾ ਹੈ ਤਾਂ ਬਪਤਿਸਮਾ ਲੈਣ ਵਾਲੇ ਨੂੰ ਵਾਅਦਾ ਕੀਤੇ ਹੋਏ ਲਾਭ ਮਿਲ ਹੀ ਜਾਂਦੇ ਹਨ।

ਬਪਤਿਸਮਾ ਲੈਣ ਸਮੇਂ ਯਿਸੂ ਨੂੰ ਇਸ ਦੇ ਮਕਸਦ ਦੀ ਪੂਰੀ ਸਮਝ ਸੀ। ਜੇ ਉਹ ਹਰ ਗੱਲ ਵਿਚ ਸਾਡਾ ਨਮੂਨਾ ਹੈ ਤਾਂ ਬਪਤਿਸਮਾ ਲੈਣ ਸਮੇਂ ਸਾਨੂੰ ਵੀ ਪੂਰੀ ਸਮਝ ਹੋਣੀ ਜ਼ਰੂਰੀ ਹੈ। ਬਪਤਿਸਮਾ ਲੈਣ ਦਾ ਸਾਡਾ ਮਕਸਦ ਯਿਸੂ ਦੇ ਬਪਤਿਸਮੇ ਦੇ ਮਕਸਦ ਨਾਲੋਂ ਫ਼ਰਕ ਹੈ।

ਤੀਜਾ ਵਿਚਾਰ ਇਹ ਹੈ ਕਿ ਬਪਤਿਸਮਾ ਲੈਣ ਸਮੇਂ ਯਿਸੂ ਪਾਪ ਰਹਿਤ ਸੀ, ਇਸ ਲਈ ਬਪਤਿਸਮਾ ਲੈਣ ਵਾਲੇ ਦਾ ਪਾਪ ਰਹਿਤ ਹੋਣਾ ਜ਼ਰੂਰੀ ਹੈ। ਜੇ ਅਜਿਹਾ ਹੁੰਦਾ, ਤਾਂ ਮੁਕਤੀ ਲਈ ਬਪਤਿਸਮੇ ਦੀ ਲੋੜ ਹੀ ਨਹੀਂ ਹੋਣੀ ਸੀ। ਅਜਿਹਾ ਵਿਚਾਰ ਰੱਖਣ ਵਾਲੇ ਲੋਕਾਂ ਨੂੰ ਲਗਦਾ ਹੈ ਕਿ ਜੇ ਬਚਾਏ ਜਾਣ ਲਈ ਬਪਤਿਸਮਾ ਜ਼ਰੂਰੀ ਹੈ, ਤਾਂ ਨਿਰੇ ਵਿਸ਼ਵਾਸ ਦੀ ਸਿੱਖਿਆ ਬੇਕਾਰ ਹੋ ਜਾਂਦੀ ਹੈ।

ਯਿਸੂ ਦੁਆਰਾ ਬਪਤਿਸਮਾ ਲੈਣ ਦੇ ਇਹ ਤਿੰਨੇ ਵਿਚਾਰ ਬਪਤਿਸਮੇ ਲਈ ਉਹਦੇ ਸਮਰਪਣ ਨੂੰ ਇਕ ਖੋਖਲੀ ਰੀਤ ਬਣਾ ਦਿੰਦੇ ਹਨ। ਪਹਿਲਾ ਨਜ਼ਰੀਆ ਪੇਸ਼ ਕਰਨ ਵਾਲਿਆਂ ਨੂੰ ਇਸ ਗੱਲ ਨਾਲ ਸਹਿਮਤ ਹੋਣਾ ਪਵੇਗਾ ਕਿ ਯਿਸੂ ਨੇ ਹਮੇਸ਼ਾ ਪ੍ਰਮੇਸ਼ਵਰ ਦੀ ਇੱਛਾ ਪੂਰੀ ਕੀਤੀ ਅਤੇ ਉਹ ਉਹਦੀ ਇੱਛਾ ਪੂਰੀ ਕਰਨ ਲਈ ਹੀ ਆਇਆ ਸੀ (ਯੂਹੰਨਾ 6:38; ਇਬਰਾਨੀਆਂ 10:7), ਇਸ ਲਈ ਪ੍ਰਮੇਸ਼ਵਰ ਦੀ ਸੇਵਾ ਵਿਚ ਆਪਣੇ ਆਪ ਨੂੰ ਸੰਕੇਤਕ ਅਰਥ ਵਿਚ ਪੇਸ਼ ਕਰਨ ਦੀ ਉਸ ਨੂੰ ਕੋਈ ਲੋੜ ਨਹੀਂ ਸੀ। ਧਰਤੀ ਤੇ ਆ ਕੇ ਪਹਿਲਾਂ ਹੀ ਉਹਨੇ ਆਪਣੇ ਆਪ ਨੂੰ ਪ੍ਰਮੇਸ਼ਵਰ ਦੀ ਇੱਛਾ ਅੱਗੇ ਸੌਂਪ ਦਿੱਤਾ ਸੀ। ਧਰਤੀ ਤੇ ਉਹਦਾ ਆਉਣਾ ਪ੍ਰਮੇਸ਼ਵਰ ਦੀ ਇੱਛਾ ਪੂਰੀ ਕਰਨ ਲਈ ਉਹਦੇ ਸਮਰਪਣ ਦਾ ਸਬੂਤ ਸੀ। ਯੂਹੰਨਾ ਦੁਆਰਾ ਯਿਸੂ ਨੂੰ ਦਿੱਤਾ ਬਪਤਿਸਮਾ ਲੋਕਾਂ ਵਾਸਤੇ ਨਹੀਂ ਸੀ, ਕਿਉਂਕਿ ਉਸ ਦੇ ਬਪਤਿਸਮੇ ਸਮੇਂ ਥੋੜ੍ਹੇ ਹੀ ਲੋਕ ਉੱਥੇ ਮੌਜੂਦ ਸਨ। ਜੇ ਉਹਦਾ ਬਪਤਿਸਮਾ ਲੋਕਾਂ ਨੂੰ ਵਿਖਾਉਣ ਲਈ ਸੀ ਤਾਂ ਉਹਦਾ ਇਹ ਕੰਮ ਸਿਰਫ਼ ਖੋਖਲੀ ਰੀਤ ਸੀ।

ਦੂਜੇ ਨਜ਼ਰੀਏ ਬਾਰੇ ਇਹ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ ਜਦ ਯਿਸੂ ਨੇ ਕੋਈ ਪਾਪ ਹੀ ਨਹੀਂ ਕੀਤਾ ਸੀ, ਜਿਹਦੇ ਲਈ ਉਹਨੂੰ ਮਾਫ਼ੀ ਦੀ ਲੋੜ ਹੁੰਦੀ ਅਤੇ ਉਹ ਗੁਆਚਿਆ ਹੋਇਆ ਵੀ ਨਹੀਂ ਸੀ ਤਾਂ ਫਿਰ ਉਹਦਾ ਬਪਤਿਸਮਾ ਗੁਆਚੇ ਹੋਏ ਪਾਪੀਆਂ ਦੀ ਮਾਫ਼ੀ ਲਈ ਨਮੂਨਾ ਕਿਵੇਂ ਬਣ ਸਕਦਾ ਹੈ? ਬੇਸ਼ਕ ਉਹਦਾ ਬਪਤਿਸਮਾ ਹੁਕਮ ਮੰਨਣ ਦੀ ਇਕ ਵਧੀਆ ਮਿਸਾਲ ਹੈ, ਪਰ ਇਕ ਪਾਪੀ ਦੇ ਪਾਪਾਂ ਦੀ ਮਾਫ਼ੀ ਦੀ ਉਦਾਹਰਣ ਲਈ ਇਹ ਠੀਕ ਨਹੀਂ ਹੈ (ਰਸੂਲਾਂ ਦੇ ਕੰਮ 2:38-41; 22:16)। ਇਹਦੇ ਇਲਾਵਾ, ਮਾਫ਼ੀ ਲਈ ਨਿਰਾ ਬਪਤਿਸਮਾ ਕੁਝ ਨਹੀਂ ਕਰ ਸਕਦਾ।

ਯਿਸੂ ਦਾ ਬਪਤਿਸਮਾ ਪ੍ਰਮੇਸ਼ਵਰ ਦੀ ਹਰੇਕ ਧਰਮੀ ਸ਼ਰਤ ਨੂੰ ਪੂਰਾ ਕਰਨ ਦੀ ਕੋਸ਼ਿਸ਼ ਸੀ ਤਾਂ ਜੋ ਉਹ ਹੁਕਮ ਮੰਨਣ ਦਾ ਇਕ ਸਿੱਧ ਨਮੂਨਾ ਪੇਸ਼ ਕਰ ਸਕੇ। ਦੂਜੇ ਪਾਸੇ, ਪਾਪੀ ਲਈ

ਬਪਤਿਸਮਾ ਪ੍ਰਮੇਸ਼ਵਰ ਨਾਲ ਸਹੀ ਸਬੰਧ ਬਣਾਉਣ, ਪ੍ਰਮੇਸ਼ਵਰ ਵੱਲੋਂ ਮਾਫ਼ੀ ਪਾਉਣ ਅਤੇ ਕਮੀਆਂ ਭਰਿਆ ਚਾਲ ਚਲਣ ਸੁਧਾਰਨ ਲਈ ਹੈ।

ਯਿਸੂ ਅਤੇ ਯੂਹੰਨਾ ਦਾ ਬਪਤਿਸਮਾ ਲੈਣ ਲਈ ਆਉਣ ਵਾਲੇ ਲੋਕ ਪ੍ਰਮੇਸ਼ਵਰ ਦੇ ਹੁਕਮ ਨੂੰ ਮੰਨਣ ਲਈ ਆਏ, ਪਰ ਉਨ੍ਹਾਂ ਦੇ ਮਕਸਦ ਬਿਲਕੁਲ ਹੀ ਫ਼ਰਕ ਸਨ। ਮੇਰਾ ਭਰਾ ਗਲੈਨ ਆਪਣੇ ਮਾਤਾ-ਪਿਤਾ ਦਾ ਹੁਕਮ ਮੰਨਣ ਲਈ ਲੱਕੜਾਂ ਲਿਆਉਂਦਾ ਸੀ ਤਾਂ ਜੋ ਉਹ ਉਸ ਨੂੰ ਚਚੇਰੇ ਭਰਾ ਦੇ ਨਾਲ ਛੋਟੇ ਟਰੱਕ ਵਿਚ ਬੈਠਣ ਦੇਣ, ਜਦ ਕਿ ਮੈਂ ਲੱਕੜਾਂ ਲਿਆਉਣ ਦਾ ਹੁਕਮ ਆਪਣੇ ਇਕ ਦੋਸਤ ਨਾਲ ਸ਼ਿਕਾਰ ਲਈ ਤੀਰ ਬਣਾਉਣ ਵਾਸਤੇ ਮੰਨਦਾ ਸਾਂ। ਦੋਵੇਂ ਕੰਮ ਹੁਕਮ ਮੰਨਣ ਦੇ ਸਨ, ਪਰ ਦੋਹਾਂ ਦੇ ਮਕਸਦ ਵੱਖੋ-ਵੱਖ ਸਨ। ਗਲੈਨ ਸਾਡੇ ਮਾਤਾ ਪਿਤਾ ਦਾ ਹੁਕਮ ਮੰਨਣ ਲਈ ਲੱਕੜਾਂ ਲਿਆਉਣ ਵਿਚ ਮੇਰੇ ਲਈ ਨਮੂਨਾ ਹੋ ਸਕਦਾ ਸੀ, ਪਰ ਸਾਡਾ ਦੋਹਾਂ ਦਾ ਮਕਸਦ ਬਿਲਕੁਲ ਫ਼ਰਕ ਸੀ। ਇਸੇ ਤਰ੍ਹਾਂ, ਯਿਸੂ ਦੁਆਰਾ ਲਿਆ ਗਿਆ ਬਪਤਿਸਮਾ ਹੁਕਮ ਮੰਨਣ ਦਾ ਨਮੂਨਾ ਹੋ ਸਕਦਾ ਸੀ, ਪਰ ਉਹਦੇ ਲਈ ਉਨ੍ਹਾਂ ਸਭ ਮਕਸਦਾਂ ਨੂੰ ਪੂਰਾ ਕਰਨਾ ਜ਼ਰੂਰੀ ਨਹੀਂ ਸੀ ਜੋ ਇਕ ਪਾਪੀ ਮਨੁੱਖ ਲਈ ਕਰਨੇ ਜ਼ਰੂਰੀ ਹਨ।

ਤੀਜਾ ਨਜ਼ਰੀਆ ਵੀ ਨਵੇਂ ਨੇਮ ਦੇ ਬਪਤਿਸਮੇ ਨੂੰ ਸਿਰਫ਼ ਇਕ ਖੋਖਲੀ ਰਵਾਇਤ ਬਣਾ ਦਿੰਦਾ ਹੈ। ਜੇ ਮਨੁੱਖ ਦੇ ਬਚਾਏ ਜਾਣ ਲਈ ਬਪਤਿਸਮਾ ਪ੍ਰਮੇਸ਼ਵਰ ਦੀ ਸ਼ਰਤ ਨਹੀਂ ਹੈ ਅਤੇ ਇਹਦੀ ਕੋਈ ਰੂਹਾਨੀ ਅਹਿਮੀਅਤ ਨਹੀਂ ਹੈ, ਤਾਂ ਇਹ ਇਕ ਬੇਕਾਰ ਰਵਾਇਤ ਹੈ। ਯਕੀਨਨ ਹੀ ਬਪਤਿਸਮੇ ਵਿਚ ਪ੍ਰਮੇਸ਼ਵਰ ਨੇ ਪਾਣੀ ਵਿਚ ਪੂਰੀ ਕੀਤੀ ਜਾਣ ਵਾਲੀ ਧਾਰਮਿਕ ਰੀਤ ਦੇ ਬਾਹਰੀ ਅਭਿਆਸ ਤੋਂ ਵਧਕੇ ਹੁਕਮ ਮੰਨਣ ਦੀ ਗੱਲ ਚਾਹੀ ਹੋਵੇਗੀ।

## ਯੂਹੰਨਾ ਦੀ ਸੇਵਕਾਈ ਵਿਚ ਸਮਝਿਆ ਜਾਣ ਵਾਲਾ ਯਿਸੂ ਦਾ ਬਪਤਿਸਮਾ

ਯਿਸੂ ਦੁਆਰਾ ਲਏ ਜਾਣ ਵਾਲੇ ਬਪਤਿਸਮੇ ਨੂੰ ਯੂਹੰਨਾ ਦੀ ਸੇਵਕਾਈ ਦੇ ਸੰਦਰਭ ਵਿਚ ਸਮਝਿਆ ਜਾਣਾ ਚਾਹੀਦਾ ਹੈ। ਇਸ ਸੰਦਰਭ ਤੋਂ ਬਾਹਰ ਇਹਦਾ ਅਰਥ ਲੱਭਣ ਦੀਆਂ ਕੋਸ਼ਿਸ਼ਾਂ ਨਾਕਾਮ, ਗੁਮਰਾਹਕੁੰਨ ਅਤੇ ਗੜਬੜ ਭਰੀਆਂ ਹੋ ਸਕਦੀਆਂ ਹਨ।

ਜਿਵੇਂ ''ਯੂਹੰਨਾ ਨੇ ਬਪਤਿਸਮੇ ਦੀ ਸਿੱਖਿਆ ਦਿੱਤੀ'' ਪਾਠ ਵਿਚ ਦੱਸਿਆ ਗਿਆ ਹੈ (ਵੇਖੋ ਮੱਤੀ 3:1-3; ਲੂਕਾ 3:1-9; ਯੂਹੰਨਾ 1:15-34), ਯੂਹੰਨਾ ਦੀ ਸੇਵਕਾਈ ਦਾ ਮਕਸਦ ਲੋਕਾਂ ਨੂੰ ਆਉਣ ਵਾਲੇ ਮਸੀਹ ਲਈ ਤਿਆਰ ਕਰਨਾ ਸੀ (ਯੂਹੰਨਾ 1:6-8)। ਇਸ ਤਿਆਰੀ ਵਿਚ (1) ਛੇਤੀ ਹੀ ਕਾਇਮ ਹੋਣ ਵਾਲੇ ਰਾਜ ਦਾ ਐਲਾਨ, (2) ਉਸ ਰਾਜੇ, ਯਾਨੀ ਮਸੀਹ ਨੂੰ ਕਬੂਲ ਕਰਨ ਲਈ ਲੋਕਾਂ ਨੂੰ ਤਿਆਰ ਕਰਨਾ, (3) ਲੋਕਾਂ ਨੂੰ ਤੌਬਾ ਲਈ ਪ੍ਰੇਰਿਤ ਕਰਨਾ ਅਤੇ (4) ਸਬੂਤ ਦੇ ਤੌਰ ਤੇ ਕਿ ਉਹ ਤੌਬਾ ਕਰ ਰਹੇ ਹਨ ਅਤੇ ਮਸੀਹ ਵਿਚ ਜਿਹੜਾ ਛੇਤੀ ਹੀ ਪਰਗਟ ਹੋਣ ਵਾਲਾ ਸੀ, ਵਿਸ਼ਵਾਸ ਲਿਆਉਣ ਲਈ ਤਿਆਰ ਹਨ, ਉਨ੍ਹਾਂ ਨੂੰ ਬਪਤਿਸਮੇ ਦੀ ਵਚਨਬੱਧਤਾ ਵਿਚ ਲਿਆਉਣਾ ਸ਼ਾਮਲ ਸੀ।

## ਯਿਸੂ ਦੇ ਬਪਤਿਸਮੇ ਦਾ ਇਰਾਦਾ ਅਤੇ ਉਦੇਸ਼

ਇਰਾਦਾ ਅਤੇ ਉਦੇਸ਼ ਵੱਖ-ਵੱਖ ਹੋ ਸਕਦੇ ਹਨ। ਇਕ ਪਿਤਾ ਦੀ ਇੱਛਾ ਹੋ ਸਕਦੀ ਹੈ ਕਿ ਉਹਦਾ ਪੁੱਤਰ ਨਹਾ ਧੋ ਕੇ ਵਾਲਾਂ ਨੂੰ ਕੰਘੀ ਕਰ ਲਵੇ। ਇਹਦੇ ਪਿੱਛੇ ਉਹਦਾ ਉਦੇਸ਼ ਜਾਂ ਮਕਸਦ

ਆਪਣੇ ਪੁੱਤਰ ਦਾ ਖੂਬਸੂਰਤ ਦਿਸਣਾ ਹੋ ਸਕਦਾ ਹੈ, ਜਦ ਕਿ ਉਹਦਾ *ਇਰਾਦਾ* ਉਸ ਕੁੜੀ ਨੂੰ ਪ੍ਰਭਾਵਤ ਕਰਨਾ ਹੋ ਸਕਦਾ ਹੈ ਜੋ ਉਸ ਨੂੰ ਆਪਣੇ ਮੁੰਡੇ ਨਾਲ ਵਿਆਹ ਲਈ ਪਸੰਦ ਹੈ। ਇੱਥੇ ਇਰਾਦਾ ਅਤੇ ਉਦੇਸ਼ ਦੋਵੇਂ ਵੱਖ-ਵੱਖ ਹੋਣਗੇ।

ਬੇਸ਼ੱਕ ਸਪਸ਼ਟ ਤੌਰ ਤੇ ਤਾਂ ਨਹੀਂ ਕਿਹਾ ਗਿਆ, ਪਰ ਨਿਚੋੜ ਕੱਢਿਆ ਜਾ ਸਕਦਾ ਹੈ ਕਿ ਯਿਸੂ ਨੂੰ ਬਪਤਿਸਮਾ ਲੈਣ ਦੀ ਪ੍ਰੇਰਣਾ ਪ੍ਰਮੇਸ਼ਵਰ ਦੇ ਹੁਕਮ ਤੋਂ ਮਿਲੀ ਸੀ। ਯੂਹੰਨਾ ਤੋਂ ਬਪਤਿਸਮਾ ਲੈਣ ਲਈ ਆਉਣ ਵਾਲੇ ਦੂਸਰੇ ਸਭ ਲੋਕਾਂ ਦਾ ਇਹੀ ਇਰਾਦਾ ਯਾਨੀ ਪ੍ਰਮੇਸ਼ਵਰ ਦੇ ਹੁਕਮ ਨੂੰ ਮੰਨਣਾ ਹੋ ਸਕਦਾ ਹੈ, ਪਰ ਉਨ੍ਹਾਂ ਦਾ ਉਦੇਸ਼ ਯਿਸੂ ਦੇ ਉਦੇਸ਼ ਵਾਲਾ ਨਹੀਂ ਹੋ ਸਕਦਾ। ਉਹ *ਸਭ* ਧਾਰਮਿਕਤਾ ਨੂੰ ਪੂਰਾ ਕਰਨ ਲਈ ਯੂਹੰਨਾ ਕੋਲ ਆਇਆ ਸੀ, ਜਦ ਕਿ ਲੋਕ ਆਪਣੇ ਪਾਪਾਂ ਦੀ ਮਾਫ਼ੀ ਪਾ ਕੇ ਧਰਮੀ ਬਣਨ ਲਈ ਆਏ ਸਨ। ਜੇ ਯਿਸੂ ਅਤੇ ਯੂਹੰਨਾ ਦੇ ਪੈਰੋਕਾਰ ਇੱਕੋ ਉਦੇਸ਼ ਨਾਲ ਉਸ ਕੋਲ ਆਏ ਤਾਂ ਇਹ ਨਿਚੋੜ ਨਿੱਕਲੇਗਾ (1) ਕਿ ਯਿਸੂ ਇਕ ਪਾਪੀ ਸੀ ਜਿਹੜਾ ਆਪਣੇ ਪਾਪਾਂ ਤੋਂ ਤੌਬਾ ਕਰਕੇ, ਆਪਣੇ ਪਾਪਾਂ ਦਾ ਇਕਰਾਰ ਕਰਕੇ ਅਤੇ ਹੁਕਮ ਮੰਨ ਕੇ ਬਪਤਿਸਮਾ ਲੈਣ ਲਈ ਯੂਹੰਨਾ ਕੋਲ ਆਇਆ ਤਾਂ ਜੋ ਆਪਣੇ ਪਾਪਾਂ ਦੀ ਮਾਫ਼ੀ ਪਾ ਕੇ ਧਰਮੀ ਬਣ ਜਾਵੇ ਜਾਂ (2) ਇਹ ਕਿ ਬਪਤਿਸਮਾ ਲੈਣ ਲਈ ਆਉਣ ਵਾਲੇ ਦਾ ਪਾਪ ਰਹਿਤ ਜਾਂ ਬੇਦੋਸ਼ਾ ਹੋਣਾ ਜ਼ਰੂਰੀ ਹੈ, ਕਿਉਂਕਿ ਬਪਤਿਸਮਾ ਲੈਣ ਸਮੇਂ ਯਿਸੂ ਪਾਪ ਰਹਿਤ ਸੀ। ਪਹਿਲਾ ਨਿਚੋੜ ਯਿਸੂ ਨੂੰ ਪਾਪੀ ਬਣਾ ਕੇ ਬਾਈਬਲ ਦਾ ਖੰਡਨ ਕਰਦਾ ਹੈ (ਇਬਰਾਨੀਆਂ 4:15)। ਦੂਜਾ ਬਾਈਬਲ ਦੀ ਇਸ ਗੱਲ ਦਾ ਖੰਡਨ ਕਰਦਾ ਹੈ ਕਿ ਬਪਤਿਸਮਾ ਪਾਪਾਂ ਦੀ ਮਾਫ਼ੀ ਲਈ ਹੈ (ਰਸੂਲਾਂ ਦੇ ਕੰਮ 2:38; 22:16)।

ਜੇ ਯਿਸੂ ਨੇ ਕਿਹਾ ਹੁੰਦਾ ਕਿ ਉਸ ਨੇ ਧਾਰਮਿਕਤਾ ਦੀ ਇਕ ਸ਼ਰਤ ਨੂੰ ਪੂਰਾ ਕਰਨ ਲਈ ਬਪਤਿਸਮਾ ਲੈਣਾ ਹੈ ਤਾਂ ਇਹ ਨਿਚੋੜ ਕੱਢਿਆ ਜਾ ਸਕਦਾ ਸੀ ਕਿ ਇਸੇ ਕਾਰਣ ਬਪਤਿਸਮਾ ਲਿਆ ਜਾ ਸਕਦਾ ਹੈ। ਪਰ ਯਿਸੂ ਨੇ ਕਿਹਾ ਕਿ ਉਹਨੇ *ਸਭ* ਧਰਮ ਨੂੰ ਪੂਰਾ ਕਰਨ ਲਈ ਬਪਤਿਸਮਾ ਲੈਣਾ ਸੀ। ਇਸ ਵਿਚ ਇਸੇ ਕਾਰਣ ਬਪਤਿਸਮਾ ਲੈਣ ਦੀ ਹੋਰ ਕੋਈ ਵੀ ਗੱਲ ਸ਼ਾਮਲ ਨਹੀਂ ਹੁੰਦੀ, ਕਿਉਂਕਿ ਕਿਸੇ ਨੇ ਵੀ, ਇੱਥੋਂ ਤਕ ਕਿ ਯੂਹੰਨਾ ਨੇ ਵੀ ਜਿਹਨੇ ਮੰਨਿਆ ਕਿ ਉਸ ਨੂੰ ਯਿਸੂ ਤੋਂ ਬਪਤਿਸਮਾ ਲੈਣ ਦੀ ਲੋੜ ਸੀ (ਮੱਤੀ 3:14) *ਸਾਰੇ* ਧਰਮ ਨੂੰ ਪੂਰਾ ਨਹੀਂ ਕੀਤਾ ਸੀ (ਰੋਮੀਆਂ 3:10)। ਯਿਸੂ ਇਹਦਾ ਅਪਵਾਦ ਸੀ ਜਿਸ ਕਰਕੇ ਉਹ *ਸਾਰੇ* ਧਰਮ ਨੂੰ ਪੂਰਾ ਕਰਨ ਲਈ ਬਪਤਿਸਮਾ ਲੈ ਸਕਦਾ ਸੀ।

ਬਪਤਿਸਮੇ ਨੂੰ ਨਾ ਮੰਨਣ ਵਾਲੇ ਲੋਕ ਯਿਸੂ ਦੁਆਰਾ ਬਪਤਿਸਮਾ ਲੈ ਕੇ ਦਿੱਤੀ ਗਈ ਗਵਾਹੀ ਦਾ ਵੀ ਇਨਕਾਰ ਕਰਦੇ ਹਨ, ਅਤੇ ਉਹ ਪ੍ਰਮੇਸ਼ਵਰ ਦੇ *ਧਰਮ* ਦੀ ਸ਼ਰਤ ਦਾ ਵੀ ਇਨਕਾਰ ਕਰਦੇ ਹਨ। ਬਪਤਿਸਮਾ ਗ਼ਰੀਬਾਂ ਦੀ ਮਦਦ ਜਾਂ ਪਰੋਪਕਾਰ ਦੇ ਕੰਮ ਕਰਨ ਵਰਗਾ ਮਨੁੱਖੀ ਧਰਮ ਦਾ ਕੰਮ ਨਹੀਂ ਹੈ (ਤੀਤੁਸ 3:5)। ਇਹ ਸਵਰਗ ਤੋਂ ਯਾਨੀ ਪ੍ਰਮੇਸ਼ਵਰ ਵੱਲੋਂ ਹੈ; ਇਸ ਲਈ ਜਦ ਕੋਈ ਇਸ ਨੂੰ ਮੰਨ ਲੈਂਦਾ ਹੈ ਤਾਂ ਉਹ ਧਰਮ ਦੀ ਪ੍ਰਮੇਸ਼ਵਰ ਦੀ ਸ਼ਰਤ ਨੂੰ ਪੂਰਾ ਕਰਦਾ ਹੈ। ਇਹੀ ਇਕ ਕਾਰਣ ਹੈ ਕਿ ਯਿਸੂ ਨੂੰ ਵੀ ਬਪਤਿਸਮਾ ਲੈਣ ਦੀ ਲੋੜ ਪਈ, ਕਿਉਂਕਿ ਪ੍ਰਮੇਸ਼ਵਰ ਦੇ *ਸਭ* ਦੀਆਂ ਸ਼ਰਤਾਂ ਵਿਚ ਬਪਤਿਸਮਾ ਵੀ ਸੀ।

## ਯੂਹੰਨਾ ਦਾ ਬਪਤਿਸਮਾ ਸਵਰਗ ਵੱਲੋਂ ਸੀ

ਯੂਹੰਨਾ ਤੋਂ ਬਪਤਿਸਮਾ ਲੈ ਕੇ ਯਿਸੂ ਨੇ ਮੰਨਿਆ ਕਿ ਯੂਹੰਨਾ ਦਾ ਬਪਤਿਸਮਾ ਸਵਰਗ

ਵੱਲੋਂ (ਲੂਕਾ 20:1-8) ਸੀ, ਭਾਵ ਯੂਹੰਨਾ ਨੂੰ ਬਪਤਿਸਮਾ ਦੇਣ ਲਈ ਪ੍ਰਮੇਸ਼ਵਰ ਨੇ ਹੀ ਭੇਜਿਆ ਸੀ। ਪ੍ਰਧਾਨ ਯਾਜਕਾਂ ਅਤੇ ਬਜ਼ੁਰਗਾਂ ਦੇ ਇਕ ਸਵਾਲ ਕਿ ਜੋ ਉਹ ਕੰਮ ਕਰ ਰਿਹਾ ਸੀ ਉਹ ਕਿਸ ਅਧਿਕਾਰ ਨਾਲ ਸਨ, ਦਾ ਜਵਾਬ ਦਿੰਦਿਆਂ ਯਿਸੂ ਨੇ ਪੁੱਛਿਆ, ''ਯੂਹੰਨਾ ਦਾ ਬਪਤਿਸਮਾ ਸਵਰਗ ਵੱਲੋਂ ਸੀ ਯਾ ਮਨੁੱਖਾਂ ਵੱਲੋਂ?'' (ਲੂਕਾ 20:4)।

ਸਵਾਲ ਦਾ ਸੰਕੇਤ ਸਾਫ਼ ਹੈ। ਜੇ ਉਹ ਕਹਿੰਦੇ ਕਿ ਯੂਹੰਨਾ ਦਾ ਬਪਤਿਸਮਾ ਸਵਰਗ ਵੱਲੋਂ ਸੀ, ਤਾਂ ਉਨ੍ਹਾਂ ਨੂੰ ਯੂਹੰਨਾ ਦਾ ਬਪਤਿਸਮਾ ਲੈ ਕੇ ਉਹਦੀ ਗਵਾਹੀ ਮੰਨ ਲੈਣੀ ਚਾਹੀਦੀ ਸੀ ਕਿ ਯਿਸੂ ਹੀ ਮਸੀਹ ਹੈ। ਯੂਹੰਨਾ ਦੇ ਬਪਤਿਸਮੇ ਨੂੰ ਮੰਨਣ ਵਿਚ ਉਨ੍ਹਾਂ ਦੀ ਨਾਕਾਮੀ ਇਸ ਗੱਲ ਦਾ ਸੰਕੇਤ ਸੀ ਕਿ ਉਨ੍ਹਾਂ ਨੂੰ ਲਗਦਾ ਸੀ ਕਿ ਇਹ ਬਪਤਿਸਮਾ ਮਨੁੱਖਾਂ ਵੱਲੋਂ ਹੈ; ਇਸ ਲਈ ਉਨ੍ਹਾਂ ਨੇ ਯਿਸੂ ਬਾਰੇ ਉਹਦੀ ਗਵਾਹੀ ਨਹੀਂ ਮੰਨੀ।

ਇਨ੍ਹਾਂ ਆਗੂਆਂ ਨੇ ਯੂਹੰਨਾ ਦਾ ਬਪਤਿਸਮਾ ਨਾ ਲੈ ਕੇ ਆਪਣੇ ਲਈ ਪ੍ਰਮੇਸ਼ਵਰ ਦੀ ਯੋਜਨਾ (ਜੁਗਤ) ਨੂੰ ਠੁਕਰਾ ਦਿੱਤਾ, ਜਦ ਕਿ ਉਸ ਬਪਤਿਸਮੇ ਨੂੰ ਲੈਣ ਵਾਲਿਆਂ ਨੇ ''ਪ੍ਰਮੇਸ਼ਵਰ ਨੂੰ ਸੱਚਾ ਮੰਨਿਆ'' ਯਾਨੀ ਬਪਤਿਸਮਾ ਲੈ ਕੇ ਉਨ੍ਹਾਂ ਨੇ ਪ੍ਰਮੇਸ਼ਵਰ ਦੇ ਢੰਗ ਨੂੰ ਸਹੀ ਠਹਿਰਾਇਆ (ਲੂਕਾ 7:30)।

ਇਸ ਸੰਦਰਭ ਵਿਚ ਯਿਸੂ ਬਪਤਿਸਮਾ ਲੈਣ ਲਈ ਯੂਹੰਨਾ ਦੇ ਕੋਲ ਆਇਆ ਸੀ। ਉਹਨੂੰ ਪਤਾ ਸੀ ਕਿ ਆਪਣੇ ਤੋਂ ਵੱਡੇ ਬਾਰੇ ਯੂਹੰਨਾ ਦਾ ਸੰਦੇਸ਼ (ਮਰਕੁਸ 1:7) ਉਹਦੀ ਹੀ ਗਵਾਹੀ ਸੀ। ਬਪਤਿਸਮਾ ਲੈ ਕੇ ਯਿਸੂ ਨੇ ਨਾ ਸਿਰਫ਼ ਉਹਦੇ ਕੰਮ ਨੂੰ ਮਾਨਤਾ ਦਿੱਤੀ ਸਗੋਂ ਉਹਦੇ ਸੰਦੇਸ਼ ਦੇ ਸੱਚ ਹੋਣ ਦੀ ਤਸਦੀਕ ਵੀ ਕੀਤੀ। ਜੇ ਯਿਸੂ ਯੂਹੰਨਾ ਤੋਂ ਬਪਤਿਸਮਾ ਲੈਣ ਤੋਂ ਇਨਕਾਰ ਕਰ ਦਿੰਦਾ ਤਾਂ ਉਹ ਇਹ ਸੰਕੇਤ ਦਿੰਦਾ ਕਿ ਯੂਹੰਨਾ ਧੋਖੇਬਾਜ਼ ਅਤੇ ਫ਼ਰੇਬੀ ਸੀ। ਉਸ ਤੋਂ ਬਪਤਿਸਮਾ ਲੈ ਕੇ ਯਿਸੂ ਨੇ ਸਾਬਤ ਕੀਤਾ ਕਿ ਯੂਹੰਨਾ ਆਪਣੇ ਬਾਰੇ ਸਹੀ ਕਹਿ ਰਿਹਾ ਸੀ (ਮੱਤੀ 3:3; ਯੂਹੰਨਾ 1:23) ਅਤੇ ਉਹਦੇ ਮਸੀਹ ਹੋਣ ਦਾ ਯੂਹੰਨਾ ਦਾ ਸੰਦੇਸ਼ ਸਹੀ ਸੀ (ਯੂਹੰਨਾ 1:15)।

ਯੂਹੰਨਾ ਨੂੰ ਪਤਾ ਸੀ ਕਿ ਉਹਦਾ ਬਪਤਿਸਮਾ ਸਵਰਗ ਵੱਲੋਂ ਸੀ, ਕਿਉਂਕਿ ਉਹਨੇ ਕਿਹਾ ਕਿ ਪ੍ਰਮੇਸ਼ਵਰ ਨੇ ਉਸ ਨੂੰ ਬਪਤਿਸਮਾ ਦੇਣ ਲਈ ਭੇਜਿਆ ਸੀ ਅਤੇ ਬਪਤਿਸਮਾ ਦੇਣ ਨਾਲ ਹੀ ਮਸੀਹ ਨੇ ਉਸ ਉੱਤੇ ਪਰਗਟ ਹੋਣਾ ਸੀ (ਯੂਹੰਨਾ 1:33, 34)। ਯਿਸੂ ਬਪਤਿਸਮਾ ਲੈਣ ਲਈ ਨਾ ਸਿਰਫ਼ ਇਹ ਸੰਦੇਸ਼ ਦੇਣ ਆਇਆ ਕਿ ਯੂਹੰਨਾ ਪ੍ਰਮੇਸ਼ਵਰ ਵੱਲੋਂ ਇਕ ਸੱਚਾ ਨਬੀ ਸੀ ਸਗੋਂ ਇਸ ਲਈ ਵੀ ਆਇਆ ਕਿ ਉਹ ਯੂਹੰਨਾ ਉੱਤੇ ਪਰਗਟ ਹੋ ਜਾਵੇ ਅਤੇ ਉਹ ਇਸਰਾਏਲ ਉੱਤੇ ਗਵਾਹੀ ਦੇ ਸਕੇ ਕਿ ਯਿਸੂ ਹੀ ਪ੍ਰਮੇਸ਼ਵਰ ਦਾ ਪੁੱਤਰ ਹੈ (ਯੂਹੰਨਾ 1:31-33)। ਇਸ ਕਰਕੇ ਬਪਤਿਸਮਾ ਲੈਣ ਲਈ ਯਿਸੂ ਦੇ ਆਉਣ ਨੂੰ ਬਹੁਤ ਮਹੱਤਤਾ ਦਿੱਤੀ ਜਾਣੀ ਚਾਹੀਦੀ ਹੈ।

ਯਿਸੂ ਨੇ ਇਸਰਾਏਲ ਤੇ ਪਰਗਟ ਹੋਣ ਲਈ ਬਪਤਿਸਮਾ ਲਿਆ ਸੀ (ਯੂਹੰਨਾ 1:31), ਪਰ ਯਿਸੂ ਨੂੰ ਬਪਤਿਸਮਾ ਲੈਂਦਿਆਂ ਕੁਝ ਹੀ ਲੋਕਾਂ ਨੇ ਵੇਖਿਆ ਸੀ। ਉਸ ਨੂੰ ਬਪਤਿਸਮਾ ਲੈਂਦਿਆਂ ਵੇਖਣ ਵਾਲਿਆਂ ਵਿੱਚੋਂ ਪ੍ਰਮੁੱਖ ਯੂਹੰਨਾ ਹੀ ਸੀ। ਇਹ ਜ਼ਰੂਰੀ ਸੀ ਕਿਉਂਕਿ ਬਪਤਿਸਮਾ ਲੈਣ ਦੇ ਬਾਅਦ ਜਦ ਪਵਿੱਤਰ ਆਤਮਾ ਯਿਸੂ ਤੇ ਉੱਤਰਿਆ, ਤਾਂ ਯੂਹੰਨਾ ਨੇ ਪ੍ਰਮੇਸ਼ਵਰ ਦੀ ਸਾਖੀ ਦੀ ਗਵਾਹੀ ਦਿੱਤੀ ਕਿ ਯਿਸੂ ਹੀ ਮਸੀਹ ਹੈ। ਯਿਸੂ ਦੇ ਬਪਤਿਸਮੇ ਦੇ ਸਮੇਂ ਤੁਰੰਤ ਕੰਮ ਕਰਦਿਆਂ ਪ੍ਰਮੇਸ਼ਵਰ ਨੇ ਯਿਸੂ ਉੱਤੇ ਪਵਿੱਤਰ ਆਤਮਾ ਭੇਜ ਕੇ ਯੂਹੰਨਾ ਲਈ ਗਵਾਹੀ ਦਿੱਤੀ; ਜਿਹਦਾ ਸਿੱਟਾ ਇਹ ਹੋਇਆ ਕਿ ਯੂਹੰਨਾ ਨੇ ਇਸਰਾਏਲ ਵਿਚ ਗਵਾਹੀ ਦਿੱਤੀ ਕਿ ਯਿਸੂ ਹੀ ਪ੍ਰਮੇਸ਼ਵਰ ਦਾ ਪੁੱਤਰ ਹੈ (ਯੂਹੰਨਾ 1:32-34)।

## ਪਾਣੀ ਦੇ ਬਪਤਿਸਮੇ ਦੀ ਮਹੱਤਤਾ

ਗਵਾਹੀ ਦੇ ਤੌਰ ਤੇ ਕਿ ਯਿਸੂ ਹੀ ਮਸੀਹ ਅਰਥਾਤ ਪ੍ਰਮੇਸ਼ਵਰ ਦਾ ਪੁੱਤਰ ਹੈ (ਯੂਹੰਨਾ 1:31-34), ਯਿਸੂ ਦਾ ਬਪਤਿਸਮਾ ਯੂਹੰਨਾ ਤੋਂ ਕਰਵਾ ਕੇ ਅਤੇ ਬਪਤਿਸਮੇ ਦੇ ਬਾਅਦ ਇਹ ਕਹਿ ਕੇ ਕਿ ''ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪਰਸੰਨ ਹਾਂ'' (ਮੱਤੀ 3:17), ਯਕੀਨਨ ਹੀ ਪ੍ਰਮੇਸ਼ਵਰ ਨੇ ਪਾਣੀ ਦੇ ਬਪਤਿਸਮੇ ਦੀ ਮਹੱਤਤਾ ਤੇ ਜ਼ੋਰ ਦੇਣਾ ਚਾਹਿਆ ਹੋਵੇਗਾ। ਯਿਸੂ ਵੀ ਪਾਣੀ ਦੇ ਬਪਤਿਸਮੇ ਦੀ ਮਹੱਤਤਾ ਤੇ ਜ਼ੋਰ ਦੇਣਾ ਚਾਹੁੰਦਾ ਹੋਵੇਗਾ। ਪਾਪ ਰਹਿਤ ਹੋਣ ਦੇ ਬਾਵਜੂਦ ਉਹਨੇ ਬਪਤਿਸਮਾ ਲਿਆ (ਇਬਰਾਨੀਆਂ 4:15) ਜਦਕਿ ਯੂਹੰਨਾ ਦੇ ਬਪਤਿਸਮੇ ਨਾਲ ਜੁੜੀ ਪਾਪਾਂ ਦੀ ਮਾਫ਼ੀ ਦੀ ਉਹਨੂੰ ਲੋੜ ਨਹੀਂ ਸੀ।

## ਯਿਸੂ, ਅਪਵਾਦ

ਯਿਸੂ ਅਪਵਾਦ ਸੀ। ਯੂਹੰਨਾ ਦਾ ਬਪਤਿਸਮਾ ਲੈਣ ਆਉਣ ਵਾਲੇ ਸਭ ਲੋਕਾਂ ਨੂੰ ਮਾਫ਼ੀ ਦੀ ਲੋੜ ਸੀ, ਯਾਨੀ ਉਨ੍ਹਾਂ ਲਈ ਆਪਣੇ ਪਾਪਾਂ ਦਾ ਇਕਰਾਰ ਕਰਨ ਅਤੇ ਬਪਤਿਸਮਾ ਲੈਣ ਤੋਂ ਪਹਿਲਾਂ ਤੌਬਾ ਕਰਨਾ ਜ਼ਰੂਰੀ ਸੀ (ਮੱਤੀ 3:7, 8)। ਉਨ੍ਹਾਂ ਨੂੰ ਆਪਣੀਆਂ ਜ਼ਿੰਦਗੀਆਂ ਵਿਚ ਕੁਝ ਤਬਦੀਲੀਆਂ ਕਰਨ (ਲੂਕਾ 3:10-14) ਅਤੇ ਆਉਣ ਵਾਲੇ ਮਸੀਹ ਉੱਤੇ ਵਿਸ਼ਵਾਸ ਕਰਨ ਦਾ ਹੁਕਮ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 19:4)। ਯੂਹੰਨਾ ਦੇ ਬਪਤਿਸਮੇ ਨਾਲ ਯਿਸੂ ਉੱਤੇ ਇਨ੍ਹਾਂ ਵਿੱਚੋਂ ਕੋਈ ਵੀ ਉਦੇਸ਼ ਲਾਗੂ ਨਹੀਂ ਹੁੰਦਾ ਸੀ, ਪਰ ਯੂਹੰਨਾ ਦੇ ਬਪਤਿਸਮੇ ਨਾਲ ਜੁੜੀਆਂ ਹੋਰ ਮਾਨਤਾਵਾਂ (ਰਾਜ ਦਾ ਆਉਣਾ ਅਤੇ ਮਸੀਹ ਦਾ ਆਉਣਾ) ਉਹਦੇ ਲਈ ਹੋ ਸਕਦੀਆਂ ਸਨ। ਬੇਸ਼ੱਕ ਯੂਹੰਨਾ ਦੇ ਬਪਤਿਸਮੇ ਦੇ ਸਾਰੇ ਸੰਕੇਤ ਤਾਂ ਯਿਸੂ ਲਈ ਨਹੀਂ ਸਨ, ਪਰ ਕੁਝ ਸਨ; ਇਸੇ ਲਈ ਯਿਸੂ ਨੇ ਯੂਹੰਨਾ ਕੋਲੋਂ ਬਪਤਿਸਮਾ ਲਿਆ।

ਯਿਸੂ ਦੇ ਬਪਤਿਸਮੇ ਦੀ ਤੁਲਨਾ ਕਿਸੇ ਸ਼ਹਿਰ ਦੇ ਮੇਅਰ ਦੇ ਪੁੱਤਰ ਦੇ ਕੰਮਾਂ ਨਾਲ ਕੀਤੀ ਜਾ ਸਕਦੀ ਹੈ, ਜਿਸ ਨੂੰ ਪਤਾ ਸੀ ਕਿ ਉਹਦੇ ਪਿਤਾ ਨੇ ਇਕ ਕਾਨੂੰਨ ਬਣਾਇਆ ਹੈ ਕਿ ਸ਼ਹਿਰ ਦੀ ਹਰ ਕਾਰ ਹਰ ਮੰਗਲਵਾਰ ਵਾਲੇ ਦਿਨ ਧੋਤੀ ਜਾਵੇ। ਸੋਮਵਾਰ ਸ਼ਾਮ ਨੂੰ ਉਹਦੇ ਪੁੱਤਰ ਨੇ ਇਕ ਨਵੀਂ ਕਾਰ ਖ਼ਰੀਦੀ ਅਤੇ ਉਸ ਉੱਤੇ ਕੋਈ ਦਾਗ਼ ਜਾਂ ਧੱਬਾ ਨਹੀਂ ਸੀ। ਮੇਅਰ ਦੇ ਰੂਪ ਵਿਚ ਆਪਣੇ ਪਿਤਾ ਦੇ ਹੁਕਮ ਦਾ ਮਾਣ ਰੱਖਦਿਆਂ, ਪੁੱਤਰ ਨੇ ਮੰਗਲਵਾਰ ਨੂੰ ਆਪਣੀ ਕਾਰ ਧੋ ਦਿੱਤੀ, ਭਾਵੇਂ ਇਹਨੂੰ ਧੋਣ ਦੀ ਕੋਈ ਲੋੜ ਨਹੀਂ ਸੀ। ਅਜਿਹਾ ਕਰਕੇ ਪੁੱਤਰ ਨੇ ਨਾ ਸਿਰਫ਼ ਆਪਣੇ ਪਿਤਾ ਪ੍ਰਤੀ ਆਦਰ ਵਿਖਾਇਆ ਸਗੋਂ ਆਪਣੇ ਪਿਤਾ ਦੇ ਇਖ਼ਤਿਆਰ ਅਤੇ ਉਹਦੇ ਰਾਹੀਂ ਪਾਸ ਕੀਤੇ ਕਾਨੂੰਨ ਦੀ ਅਹਿਮੀਅਤ ਵੀ ਵਿਖਾਈ। ਬੇਸ਼ੱਕ ਉਹਨੇ ਆਪਣੀ ਕਾਰ ਧੋਤੀ ਅਤੇ ਦੂਜੇ ਸਭ ਲੋਕਾਂ ਨੇ ਵੀ ਇਵੇਂ ਹੀ ਕੀਤਾ ਪਰ ਉਹਦਾ ਮਕਸਦ ਕਾਰ ਸਾਫ਼ ਕਰਨਾ ਨਹੀਂ, ਸਗੋਂ ਇਸ ਨਾਲੋਂ ਫ਼ਰਕ ਸੀ। ਉਹਨੇ ਆਪਣੇ ਪਿਤਾ ਦੀ ਇੱਜ਼ਤ ਲਈ ਅਜਿਹਾ ਕੀਤਾ ਸੀ। ਜਦ ਕਿ ਦੂਸਰੇ ਲੋਕ ਉਹਦੇ ਪਿਤਾ ਦੀ ਇੱਜ਼ਤ ਦੇ ਨਾਲ ਨਾਲ ਕਾਨੂੰਨ ਦਾ ਪਾਲਣ ਕਰਨ ਲਈ ਵੀ ਆਪਣੀਆਂ ਕਾਰਾਂ ਨੂੰ ਧੋਣ ਲਈ ਆਏ ਸਨ। ਇਸੇ ਤਰ੍ਹਾਂ ਪ੍ਰਮੇਸ਼ਵਰ ਦੇ ਨਿਹਕਲੰਕ ਪੁੱਤਰ ਨੇ ਯੂਹੰਨਾ ਦੇ ਉਦੇਸ਼ ਅਤੇ ਉਸ ਬਪਤਿਸਮੇ ਦੀ ਗਵਾਹੀ ਦੇਣ ਲਈ ਜਿਸ ਦਾ ਉਹਦੇ ਪਿਤਾ ਨੇ ਯੂਹੰਨਾ ਦੇ ਰਾਹੀਂ ਹੁਕਮ ਦਿੱਤਾ ਸੀ ਆਪਣੇ ਪਿਤਾ ਦੇ ਮਾਣ ਵਿਚ ਬਪਤਿਸਮਾ ਲਿਆ ਸੀ।

ਯਿਸੂ ਵਿਚ ਕੋਈ ਪਾਪ ਨਹੀਂ ਸੀ, ਇਸ ਲਈ ਉਹਨੂੰ ਪਾਪਾਂ ਤੋਂ ਮਾਫ਼ੀ ਲਈ ਤੌਬਾ ਕਰਨ ਦੀ ਵੀ ਕੋਈ ਲੋੜ ਨਹੀਂ ਸੀ। ਬਚਾਏ ਜਾਣ ਲਈ ਕੁਝ ਕਰਨ ਲਈ ਅਰਥਾਤ ਪ੍ਰਮੇਸ਼ਵਰ ਤੋਂ

ਸਿੱਖਣ (ਯੂਹੰਨਾ 6:45), ਵਿਸ਼ਵਾਸ ਕਰਨ (ਯੂਹੰਨਾ 3:16), ਤੌਬਾ ਕਰਨ (ਰਸੂਲਾਂ ਦੇ ਕੰਮ 17:30), ਇਕਰਾਰ ਕਰਨ (ਰੋਮੀਆਂ 10:10) ਅਤੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲੈਣ (ਮਰਕੁਸ 16:16; ਰਸੂਲਾਂ ਦੇ ਕੰਮ 2:38; 22:16; 1 ਪਤਰਸ 3:21) ਵਿਚ ਉਹ ਮਨੁੱਖ ਲਈ ਨਮੂਨਾ ਨਹੀਂ ਹੋ ਸਕਦਾ। ਇਹ ਸਭ ਕੰਮ ਪਾਪੀਆਂ ਲਈ ਕਰਨੇ ਜ਼ਰੂਰੀ ਹਨ, ਪਾਪ ਰਹਿਤਾਂ ਲਈ ਨਹੀਂ, ਉਹ ਪਾਪ ਰਹਿਤ ਚਾਹੇ ਬੱਚੇ ਹੋਣ ਜਾਂ ਪ੍ਰਮੇਸ਼ਵਰ ਦਾ ਨਿਹਕਲੰਕ ਪੁੱਤਰ। ਜੇ ਸਾਡੇ ਕਰਨ ਲਈ ਸਭ ਕੰਮਾਂ ਵਿਚ ਯਿਸੂ ਸਾਡਾ ਨਮੂਨਾ ਹੈ, ਤਾਂ ਸਾਨੂੰ ਉੱਪਰ ਲਿਖੇ ਕੰਮਾਂ ਨੂੰ ਕਰਨ ਦੀ ਲੋੜ ਨਹੀਂ ਹੈ, ਕਿਉਂਕਿ ਉਹਨੇ ਇਨ੍ਹਾਂ ਵਿੱਚੋਂ ਇਕ ਵੀ ਗੱਲ ਨੂੰ ਪੂਰਾ ਨਹੀਂ ਕੀਤਾ। ਪਰ ਅਸੀਂ ਪਾਪੀ ਹਾਂ ਅਤੇ ਆਪਣੇ ਪਾਪਾਂ ਦੀ ਮਾਫ਼ੀ ਲਈ ਸਾਡੇ ਵਾਸਤੇ ਉਹ ਕੰਮ ਕਰਨੇ ਜ਼ਰੂਰੀ ਹਨ ਜਿਹੜੇ ਉਹਨੇ ਨਹੀਂ ਕੀਤੇ। ਜੇ ਸਾਨੂੰ ਉਹ ਕਰਨ ਦੀ ਲੋੜ ਨਹੀਂ ਜੋ ਉਹਨੇ ਕੀਤਾ ਤਾਂ ਪਾਪਾਂ ਦੀ ਮਾਫ਼ੀ ਲਈ ਜੋ ਕੁਝ ਸਾਨੂੰ ਕਰਨ ਦੀ ਲੋੜ ਹੈ, ਉਸ ਵਿਚ ਉਹ ਸਾਡੇ ਲਈ ਨਮੂਨਾ ਨਹੀਂ ਹੋ ਸਕਦਾ।

ਕੁਝ ਲੋਕ ਬੱਚਿਆਂ ਨੂੰ ਬਪਤਿਸਮਾ ਦੇਣ ਲਈ ਬਾਰਾਂ ਸਾਲ ਦੀ ਉਮਰ ਠਹਿਰਾਉਂਦੇ ਹਨ, ਕਿਉਂਕਿ ਇਸ ਉਮਰ ਵਿਚ ਯਿਸੂ ਹੈਕਲ ਵਿਚ ਸਿੱਖਿਆ ਦੇਣ ਲਗ ਪਿਆ ਸੀ। ਐਲਨ ਨੇ ਇੰਜ ਲਿਖਿਆ ਹੈ, ''ਹਕੀਕਤ ਇਹ ਹੈ ਕਿ ਉਹ ਸਭ ਗੱਲਾਂ ਵਿਚ ਸਾਡਾ ਨਮੂਨਾ ਨਹੀਂ ਹੈ।''[4] ਜੇ ਯਿਸੂ ਸਭ ਗੱਲਾਂ ਵਿਚ ਸਾਡੇ ਲਈ ਨਮੂਨਾ ਹੈ ਤਾਂ ਬੱਚਿਆਂ ਨੂੰ ਬਾਰਾਂ ਸਾਲ ਦੀ ਉਮਰ ਵਿਚ ਪ੍ਰਮੇਸ਼ਵਰ ਦੀ ਸੇਵਾ ਕਰਨ ਦੀ ਇੱਛਾ ਕਰਕੇ ਅਤੇ ਤੀਹ ਸਾਲ ਦੀ ਉਮਰ ਵਿਚ ਬਪਤਿਸਮਾ ਲੈ ਕੇ (ਲੂਕਾ 3:21-23) ਪ੍ਰਮੇਸ਼ਵਰ ਦੀ ਸੇਵਾ ਕਰਨੀ ਸ਼ੁਰੂ ਕਰਨੀ ਚਾਹੀਦੀ ਹੈ। ਜੇ ਉਹਦਾ ਉਹ ਕੰਮ ਸਿਰਫ਼ ਪ੍ਰਮੇਸ਼ਵਰ ਦਾ ਹੁਕਮ ਮੰਨਣ ਦਾ ਨਮੂਨਾ ਸੀ, ਤਾਂ ਭਲਾ ਬਪਤਿਸਮਾ ਲੈਣ ਅਤੇ ਪ੍ਰਮੇਸ਼ਵਰ ਦੀ ਸੇਵਾ ਸ਼ੁਰੂ ਕਰਨ ਲਈ ਤੀਹ ਸਾਲ ਦੀ ਉਮਰ ਨਮੂਨਾ ਨਹੀਂ ਹੈ?

## ਸਾਰ

ਬਪਤਿਸਮਾ ਲੈ ਕੇ ਯਿਸੂ ਨੇ ਯੂਹੰਨਾ ਉੱਤੇ ਆਪਣੇ ਮਸੀਹ ਹੋਣ ਨੂੰ ਪ੍ਰਗਟ ਕੀਤਾ ਅਤੇ ਸਾਬਤ ਕੀਤਾ ਕਿ ਯੂਹੰਨਾ ਪ੍ਰਮੇਸ਼ਵਰ ਦਾ ਇਕ ਸੱਚਾ ਨਬੀ ਸੀ। ਯਿਸੂ ਨੇ ਪ੍ਰਮੇਸ਼ਵਰ ਦੇ ਧਰਮ ਦੀਆਂ *ਸਭ* ਸ਼ਰਤਾਂ ਨੂੰ ਪੂਰਾ ਕਰਨ ਲਈ ਅੱਗੇ ਵਧਦਿਆਂ ਧਰਮ ਦੇ ਇਸ ਕੰਮ ਨੂੰ ਪੂਰਾ ਕੀਤਾ। ਇਹ ਅਜਿਹਾ ਕੰਮ ਸੀ ਜਿਸ ਨੂੰ ਕੋਈ ਹੋਰ ਇਨਸਾਨ ਨਹੀਂ ਕਰ ਸਕਦਾ ਸੀ। ਸਿਰਫ਼ ਯਿਸੂ ਨੇ ਹੀ ਇਸ ਤਰ੍ਹਾਂ ਜੀਵਨ ਬਿਤਾਇਆ ਕਿ *ਸਭ* ਜਾਂ ਸਾਰੇ ਧਰਮ ਨੂੰ ਪੂਰਾ ਕਰੇ, ਜਦ ਕਿ ਮਨੁੱਖ ਪਾਪੀ ਹੋਣ ਕਰਕੇ ਧਰਮ ਤੋਂ ਸੱਖਣਾ ਹੈ, ਉਸ ਨੂੰ ਧਰਮੀ ਬਣਨ ਨਹੀਂ ਬਪਤਿਸਮਾ ਲੈਣ ਦੀ ਲੋੜ ਹੈ। ਯਿਸੂ ਦਾ ਬਪਤਿਸਮਾ ਹੁਕਮ ਮੰਨਣ ਦਾ ਨਮੂਨਾ ਹੈ, ਨਾ ਕਿ ਬਚਾਏ ਜਾਣ ਅਤੇ ਪਾਪਾਂ ਦੀ ਮਾਫ਼ੀ ਪਾਉਣ ਦਾ।

ਬੇਸ਼ੱਕ ਯੂਹੰਨਾ ਦੇ ਬਪਤਿਸਮੇ ਵਿਚ ਸ਼ਾਮਲ ਸਾਰੀਆਂ ਗੱਲਾਂ ਯਿਸੂ ਲਈ *ਨਹੀਂ* ਸਨ, ਪਰ ਯੂਹੰਨਾ ਦੇ ਬਪਤਿਸਮੇ ਵਿਚ ਹੁਕਮ ਮੰਨਣ ਦਾ ਨਿਯਮ ਯਿਸੂ ਤੇ ਲਾਗੂ ਹੁੰਦਾ ਸੀ। ਇਸ ਲਈ ਯਿਸੂ ਨੇ ਉਨ੍ਹਾਂ ਗੱਲਾਂ ਨੂੰ ਪੂਰਾ ਕਰਨ ਲਈ ਬਪਤਿਸਮਾ ਲਿਆ ਜਿਹੜੀਆਂ ਉਹਦੇ ਤੇ ਲਾਗੂ ਹੁੰਦੀਆਂ ਸਨ ਅਤੇ ਇਸ ਤਰ੍ਹਾਂ ਉਹ ਪ੍ਰਮੇਸ਼ਵਰ ਦੇ ਧਰਮ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਰਿਹਾ।

ਟਿੱਪਣੀਆਂ

[1]*ਲੈੱਟ ਯੋਰ ਕਿੰਗਡਮ ਕਮ* (ਪੰਨਾ ਰਹਿਤ: ਵਾਚਟਾਵਰ ਬਾਈਬਲ ਐਂਡ ਟ੍ਰੈਕਟ ਸੋਸਾਇਟੀ ਆਫ਼ ਪਿਨਸਿਲਵੇਨੀਆ, 1981), 69. [2]ਜਿਮੀ ਐਲਨ, *ਰੀਬੈਪਟਿਜ਼ਮ?* (ਵੈਸਟ ਮੋਨਰੋ, ਲੂਇਸਿਆਨਾ: ਹਾਵਰਡ ਪਬਲਿਸ਼ਿੰਗ ਕੰ., 1991), 46. [3]ਉਹੀ., 48. [4]ਉਹੀ।